# Telephonic Conversation between PM and Amir of the State of Qatar

March 26, 2020

.........................................................................................................

## ਪ੍ਰਧਾਨ ਮੰਤਰੀ ਅਤੇ ਕਤਰ ਰਾਜ ਦੇ ਅਮੀਰ ਵਿਚਾਲੇ ਟੈਲੀਫੋਨ 'ਤੇ ਗੱਲਬਾਤ

26 ਮਾਰਚ, 2020

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਅੱਜ ਕਤਰ ਰਾਜ ਦੇ ਅਮੀਰ ਹਜ਼ਿ ਹਾਈਨੈੱਸ ਸ਼ੇਖ ਤਮੀਮ ਬਨਿ ਹਮਦ ਅਲ ਥਾਨੀ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ।

ਦੋਨਾਂ ਆਗੂਆਂ ਨੇ ਕੌਮਾਂਤਰੀ ਕੋਵਡਿ -19 ਮਹਾਂਮਾਰੀ ਅਤੇ ਇਸ ਦੇ ਸਮਾਜਕਿ ਅਤੇ ਆਰਥਕਿ ਅਸਰਾਂ ਬਾਰੇ ਹੋ ਰਹੇ ਘਟਨਾਕ੍ਰਮ ਬਾਰੇ ਵਚਿਾਰ ਵਟਾਂਦਰੇ ਕੀਤੇ। ਉਨ੍ਹਾਂ ਨੇ ਇਸ ਵਾਇਰਸ ਦੇ ਫੈਲਾਅ ਦੀ ਰੋਕਥਾਮ ਲਈ ਆਪਣੇ-ਆਪਣੇ ਦੇਸ਼ਾਂ ਵੱਲੋਂ ਚੁੱਕੇ ਗਏ ਕਦਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਪ੍ਰਧਾਨ ਮੰਤਰੀ ਨੇ ਸਾਰਕ ਦੇਸ਼ਾਂ ਵੱਲੋਂ ਹਾਲ ਵੱਿਚ ਹੀ ਕੀਤਆਿਂ ਗਈਆਂ ਖੇਤਰੀ ਪਹਲਿਾਂ ਅਤੇ ਪਹਲਿਾਂ ਦਨਿ 'ਚ ਹੋਏ G -20 ਨੇਤਾਵਾਂ ਦੇ ਵਰਚੁਅਲ ਸੰਮੇਲਨ ਬਾਰੇ ਵੀ ਹਜ਼ਿ ਹਾਈਨੈੱਸ ਅਮੀਰ ਨੂੰ ਜਾਣਕਾਰੀ ਦੱਿਤੀ।

ਦੋਵਾਂ ਨੇਤਾਵਾਂ ਨੇ ਇਹ ਆਸ ਪ੍ਰਗਟਾਈ ਕਿ ਸਾਰੇ ਪੀੜਤ ਦੇਸ਼ਾਂ ਦੁਆਰਾ ਬਮਿਾਰੀ ਦੀ ਰੋਕਥਾਮ ਲਈ ਕੀਤੇ ਜਾ ਰਹੇ ਜਤਨਾਂ ਅਤੇ ਉਪਰਾਲਆਿਂ ਦੇ ਜਲਦ ਅਤੇ ਚੰਗੇ ਨਤੀਜੇ ਸਾਹਮਣੇ ਆਉਣਗੇ। ਉਨ੍ਹਾਂ ਇਸ ਮਹਾਂਮਾਰੀ ਨਾਲ ਜੰਗ ਲੜਨ ਵੱਿਚ ਕੌਮਾਂਤਰੀ ਇੱਕਜੁਟਤਾ ਅਤੇ ਜਾਣਕਾਰੀ ਸਾਂਝੇ ਕਰਨ ਦੇ ਮਹੱਤਵ  'ਤੇ ਜ਼ੋਰ ਦੱਿਤਾ।

ਪ੍ਰਧਾਨ ਮੰਤਰੀ ਨੇ ਕਤਰ ਵਚਿ ਰਹਿ ਕੇ ਕੰਮ ਕਰ ਰਹੇ ਭਾਰਤੀ ਨਾਗਰਕਿਾਂ ਦੀ ਖੈਰੀਅਤ ਵੱਲ ਨਜਿੀ ਤੌਰ 'ਤੇ ਧਆਿਨ ਦੇਣ ਲਈ, ਖ਼ਾਸਕਰ ਮੌਜੂਦਾ ਹਾਲਾਤ ਵੱਿਚ, ਹਜ਼ਿ ਹਾਈਨੈੱਸ ਸ਼ੇਖ ਤਮੀਮ ਬਨਿ ਹਮਦ ਅਲ ਥਾਨੀ ਦਾ ਧੰਨਵਾਦ ਅਦਾ ਕੀਤਾ। ਹਜ਼ਿ ਹਾਈਨੈੱਸ ਅਮੀਰ ਨੇ ਪ੍ਰਧਾਨ ਮੰਤਰੀ ਨੂੰ ਕਤਰ ਵੱਿਚ ਰਹਦਿੇ ਸਾਰੇ ਭਾਰਤੀਆਂ ਦੀ ਸੁਰੱਖਆਿ ਅਤੇ ਖੈਰੀਅਤ ਦਾ  ਭਰੋਸਾ ਦੱਿਤਾ।

ਪ੍ਰਧਾਨ ਮੰਤਰੀ ਅਤੇ ਹਜ਼ਿ ਹਾਈਨੈੱਸ ਅਮੀਰ ਨੇ ਪੈਦਾ ਹੋ ਰਹੇ ਹਾਲਾਤ ਬਾਰੇ ਨਯਿਮਤ ਸੰਪਰਕ ਅਤੇ ਸਲਾਹ-ਮਸ਼ਵਰਾ ਕਾਇਮ ਰੱਖਣ 'ਤੇ ਸਹਮਿਤੀ ਪ੍ਰਗਟਾਈ।

ਨਵੀ ਦੱਿਲੀ
26 ਮਾਰਚ, 2020

DISCLAIMER : This is an approximate translation. The original is available in English on MEA's website and may be referred to as the official press release.